Communities and Local Government

# ਕਿਰਾਏਦਾਰ

## ਆਪਣੇ ਡਿਪਾਜ਼ਿਟ (ਬਿਆਨੇ) ਦੇ ਪੈਸਿਆਂ ਨੂੰ ਸੁਰੱਖਿਅਤ ਰੱਖਣਾ

**ਕਿਰਾਏਦਾਰਾਂ ਦੇ ਡਿਪਾਜ਼ਿਟ ਦੀ ਸੁਰੱਖਿਆ**

6 ਅਪ੍ਰੈਲ 2007 ਤੋਂ

## ਕਿਰਾਏਦਾਰਾਂ ਦੇ ਡਿਪਾਜ਼ਿਟ (ਬਿਆਨੇ) ਦੇ ਪੈਸਿਆਂ ਦੀ ਸੁਰੱਖਿਆ ਕੀ ਹੈ?
ਤੁਹਾਡੇ ਸਵਾਲਾਂ ਦੇ ਜਵਾਬ...

### ਕੀ ਤੁਸੀਂ 6 ਅਪ੍ਰੈਲ 2007 ਨੂੰ ਜਾਂ ਇਹਤੋਂ ਬਾਅਦ ਕਿਸੇ ਪ੍ਰਾਈਵੇਟ ਮਕਾਨ ਮਾਲਿਕ ਜਾਂ ਏਜੰਟ ਦੇ ਕਿਰਾਏਦਾਰ ਬਣ ਰਹੇ ਹੋ?

6 ਅਪ੍ਰੈਲ 2007 ਤੋਂ, ਜਦ ਤੁਸੀਂ ਡਿਪਾਜ਼ਿਟ (ਬਿਆਨ) ਦਿਓਗੇ, ਤਾਂ ਤੁਹਾਡੇ ਮਕਾਨ ਮਾਲਿਕ ਜਾਂ ਏਜੰਟ ਨੂੰ ਇਹ ਪੈਸੇ ਲਾਜ਼ਮੀ ਤੌਰ 'ਤੇ ਸਰਕਾਰ ਵਲੋਂ ਪ੍ਰਵਾਨਤ ਕਿਸੇ ਟੈਂਨੈਂਸੀ ਡਿਪਾਜ਼ਿਟ ਸਕੀਮ ਵਿਚ ਸੁਰੱਖਿਅਤ ਰੱਖਣੇ ਪੈਣਗੇ।

**ਇਹਦੇ ਬਾਰੇ ਆਪਣੇ ਮਕਾਨ ਮਾਲਿਕ ਨੂੰ ਯਾਦ ਨਾਲ ਪੁੱਛ ਲਓ।**

ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਤੁਹਾਡੇ ਕਿਰਾਏਦਾਰੀ ਦੇ ਡਿਪਾਜ਼ਿਟ ਦੇ ਪੈਸੇ ਸੁਰੱਖਿਅਤ ਰਹਿਣ, ਤਾਕਿ:

- ਜਦ ਤੁਹਾਨੂੰ ਇਹ ਪੈਸੇ ਵਾਪਸ ਲੈਣ ਦਾ ਹੱਕ ਹੋਵੇ, ਤਾਂ ਤੁਹਾਨੂੰ ਇਹ ਪੈਸੇ ਜਾਂ ਇਹਨਾਂ ਦਾ ਕੁਝ ਹਿੱਸਾ ਵਾਪਸ ਮਿਲ ਜਾਏ
- ਤੁਹਾਡੇ ਅਤੇ ਤੁਹਾਡੇ ਮਕਾਨ ਮਾਲਿਕ ਜਾਂ ਏਜੰਟ ਵਿਚਕਾਰ ਜੇ ਕੋਈ ਝਗੜਾ ਹੋਵੇ ਤਾਂ ਉਹਨੂੰ ਸੁਲਝਾਉਣਾ ਵੱਧ ਸੌਖਾ ਹੋਵੇ

### ਘਰ ਵਿਚ ਜਾਣਾ

ਨਵੀਂ ਕਿਰਾਏਦਾਰੀ ਦੇ ਸਮਝੌਤੇ ਦੇ ਸ਼ੁਰੂ ਵਿਚ ਡਿਪਾਜ਼ਿਟ ਦੇ ਪੈਸੇ ਆਪਣੇ ਮਕਾਨ ਮਾਲਿਕ ਜਾਂ ਏਜੰਟ ਨੂੰ ਆਮ ਢੰਗ ਨਾਲ ਦਿਓ। ਮਕਾਨ ਮਾਲਿਕ ਜਾਂ ਏਜੰਟ ਨੂੰ ਲਾਜ਼ਮੀ ਤੌਰ 'ਤੇ 14 ਦਿਨਾਂ ਦੇ ਅੰਦਰ ਤੁਹਾਨੂੰ ਇਹ ਜਾਣਕਾਰੀ ਦੇਣੀ ਪਏਗੀ ਕਿ ਤੁਹਾਡੇ ਡਿਪਾਜ਼ਿਟ ਦੇ ਪੈਸੇ ਕਿਸ ਢੰਗ ਨਾਲ ਸੁਰੱਖਿਅਤ ਰੱਖੇ ਗਏ ਹਨ, ਜਿਵੇਂ ਕਿ:

- ਤੁਹਾਡੀ ਟੈਂਨੈਂਸੀ ਡਿਪਾਜ਼ਿਟ ਸਕੀਮ ਨਾਲ ਰਾਬਤਾ ਕਰਨ ਬਾਰੇ ਜਾਣਕਾਰੀ
- ਤੁਹਾਡੇ ਮਕਾਨ ਮਾਲਿਕ ਜਾਂ ਏਜੰਟ ਨਾਲ ਰਾਬਤਾ ਕਰਨ ਬਾਰੇ ਜਾਣਕਾਰੀ
- ਡਿਪਾਜ਼ਿਟ ਦੇ ਪੈਸੇ ਕਢਵਾਉਣ ਲਈ ਅਰਜ਼ੀ ਕਿਵੇਂ ਦਿਓ
- ਡਿਪਾਜ਼ਿਟ ਲੈਣ ਦੇ ਮਕਸਦ ਬਾਰੇ ਜਾਣਕਾਰੀ
- ਜੇ ਡਿਪਾਜ਼ਿਟ ਬਾਰੇ ਕੋਈ ਝਗੜਾ ਹੋਵੇ ਤਾਂ ਕੀ ਕਰੋ

ਜੇ ਤੁਹਾਨੂੰ ਇਹ ਜਾਣਕਾਰੀ ਨਾ ਮਿਲੇ, ਤਾਂ ਆਪਣੇ ਮਕਾਨ ਮਾਲਿਕ ਜਾਂ ਏਜੰਟ ਨੂੰ ਸਿੱਧ ਪੱਧਰਾ ਸਵਾਲ ਪੁੱਛੋ – **'ਮੇਰੇ ਡਿਪਾਜ਼ਿਟ ਨੂੰ ਕਿਵੇਂ ਸੁਰੱਖਿਅਤ ਰੱਖਿਆ ਗਿਆ ਹੈ?'**

### ਆਪਣੇ ਡਿਪਾਜ਼ਿਟ ਦੀ ਹਿਫ਼ਾਜ਼ਤ ਕਰਨਾ

ਜਿਸ ਹਾਲਤ ਵਿਚ ਘਰ ਤੁਹਾਨੂੰ ਦਿੱਤਾ ਗਿਆ ਸੀ, ਉਸੇ ਹਾਲਤ ਵਿਚ ਇਹਨੂੰ ਵਾਪਸ ਕਰਨਾ ਤੁਹਾਡੀ ਜ਼ਿੰਮੇਦਾਰੀ ਹੈ - ਪਰ ਘਰ ਨੂੰ ਵਰਤਣ ਕਾਰਣ ਹੋਣ ਵਾਲੀ ਜਾਇਜ਼ ਘਸਾਈ ਜਾਂ ਟੁੱਟ-ਭੱਜ ਨੂੰ ਧਿਆਨ ਵਿਚ ਰਖਦਿਆਂ ਹੋਇਆਂ।

ਇਸ ਲਈ ਇਹ ਚੰਗੀ ਗੱਲ ਹੈ ਕਿ ਕਿਰਾਏਦਾਰੀ ਦੇ ਸਮਝੌਤੇ 'ਤੇ ਦਸਤਖ਼ਤ ਕਰਨ ਵੇਲੇ, ਤੁਸੀਂ ਯਾਦ ਨਾਲ:

- ਘਰ ਵਿਚ ਪਏ ਹੋਏ ਸਾਮਾਨ (ਫ਼ਰਨੀਚਰ ਅਤੇ ਫ਼ਿਟ ਹੋਈਆਂ ਚੀਜ਼ਾਂ) ਦੀ ਪੂਰੀ ਲਿਸਟ ਤਿਆਰ ਕਰੋ
- ਘਰ ਅਤੇ ਘਰ ਦੇ ਸਾਮਾਨ ਦੀ ਹਾਲਤ ਬਾਰੇ ਲਿਖ ਕੇ ਰੱਖੋ (ਫ਼ੋਟੋ ਖਿੱਚ ਲੈਣਾ ਚੰਗੀ ਗੱਲ ਹੈ)
- ਇਹ ਪਤਾ ਕਰੋ ਕਿ ਕਿਹਨਾਂ ਹਾਲਤਾਂ ਵਿਚ ਤੁਹਾਡਾ ਮਕਾਨ ਮਾਲਿਕ ਜਾਂ ਏਜੰਟ ਡਿਪਾਜ਼ਿਟ ਦੇ ਪੈਸਿਆਂ ਅਤੇ ਆਪਣਾ ਹੱਕ ਜਤਾ ਸਕਦਾ ਹੈ

## ਇਹ ਕੰਮ ਕਿਵੇਂ ਹੁੰਦਾ ਹੈ?
ਤੁਹਾਨੂੰ ਹਰ ਗੱਲ ਬਾਰੇ ਜਾਣਕਾਰੀ ਦੇਣ ਲਈ ਸਾਡੀ ਸੌਖੀ ਜਿਹੀ ਗਾਈਡ ਇਹ ਹੈ...

### ਇਸ ਸਕੀਮ ਨੂੰ ਕਿਹੜੀਆਂ ਸੰਸਥਾਵਾਂ ਚਲਾਉਂਦੀਆਂ ਹਨ?

ਤਿੰਨ ਟੈਂਨੈਂਸੀ ਡਿਪਾਜ਼ਿਟ ਸਕੀਮਾਂ ਇਹ ਹਨ:

**Tenancy Deposit Solutions Ltd**
**ਟੈਂਨੈਂਸੀ ਡਿਪਾਜ਼ਿਟ ਸੌਲਿਊਸ਼ਨਜ਼ ਲਿਮਿਟਡ**
www.mydeposits.co.uk
info@mydeposits.co.uk

**The Tenancy Deposit Scheme**
**ਟੈਂਨੈਂਸੀ ਡਿਪਾਜ਼ਿਟ ਸਕੀਮ**
www.tds.gb.com
0845 226 7837

**The Deposit Protection Service**
**ਡਿਪਾਜ਼ਿਟ ਪ੍ਰੋਟੈਕਸ਼ਨ ਸਰਵਿਸ**
www.depositprotection.com
0870 707 1 707

ਆਪਣੇ ਮਕਾਨ ਮਾਲਿਕ ਨੂੰ ਪੁੱਛੋ ਕਿ ਤੁਹਾਡੇ ਡਿਪਾਜ਼ਿਟ ਦੀ ਹਿਫ਼ਾਜ਼ਤ ਕਿਹੜੀ ਸਕੀਮ ਕਰ ਰਹੀ ਹੈ।

### ਜੇ ਤੁਹਾਡੇ ਮਕਾਨ ਮਾਲਿਕ ਨੇ ਤੁਹਾਡੇ ਡਿਪਾਜ਼ਿਟ ਨੂੰ ਸੁਰੱਖਿਅਤ ਨਹੀਂ ਰੱਖਿਆ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ਤੁਸੀਂ ਆਪਣੇ ਇਲਾਕੇ ਦੇ ਕਾਊਂਟੀ ਕੋਰਟ ਵਿਚ ਅਰਜ਼ੀ ਦੇ ਸਕਦੇ ਹੋ। ਕੋਰਟ ਮਕਾਨ ਮਾਲਿਕ ਜਾਂ ਏਜੰਟ ਨੂੰ ਹੁਕਮ ਦੇ ਸਕਦੀ ਹੈ ਕਿ ਉਹ ਜਾਂ ਡਿਪਾਜ਼ਿਟ ਦੇ ਪੈਸੇ ਤੁਹਾਨੂੰ ਵਾਪਸ ਦੇਵੇ ਜਾਂ ਇਹਨਾਂ ਨੂੰ ਕਿਸੇ ਸਕੀਮ ਵਿਚ ਸੁਰੱਖਿਅਤ ਰੱਖੇ। ਜੇ ਤੁਹਾਡੇ ਮਕਾਨ ਮਾਲਿਕ ਜਾਂ ਏਜੰਟ ਨੇ ਤੁਹਾਡੇ ਡਿਪਾਜ਼ਿਟ ਨੂੰ ਸੁਰੱਖਿਅਤ ਨਹੀਂ ਰੱਖਿਆ ਤਾਂ ਉਹਨੂੰ ਡਿਪਾਜ਼ਿਟ ਦੇ ਪੈਸਿਆਂ ਨਾਲੋਂ ਤਿੰਨ ਗੁਣਾ ਪੈਸੇ ਤੁਹਾਨੂੰ ਵਾਪਸ ਦੇਣ ਦਾ ਹੁਕਮ ਦਿੱਤਾ ਜਾਏਗਾ।

### ਘਰ ਛੱਡ ਕੇ ਜਾਣਾ

ਕਿਰਾਏਦਾਰੀ ਖ਼ਤਮ ਹੋਣ 'ਤੇ, ਇਹ ਚੈਕ ਕਰੋ ਕਿ ਕੀ ਤੁਸੀਂ ਘਰ ਅਤੇ ਉਸ ਵਿਚ ਪਏ ਹੋਏ ਸਾਮਾਨ ਨੂੰ ਉਸੇ ਹਾਲਤ ਵਿਚ ਛੱਡ ਕੇ ਜਾ ਰਹੇ ਹੋ ਜਿਸ ਹਾਲਤ ਵਿਚ ਇਹ ਤੁਹਾਨੂੰ ਦਿੱਤਾ ਗਿਆ ਸੀ - ਜਾਇਜ਼ ਟੁੱਟ ਭੱਜ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ - ਅਤੇ ਇਹ ਵੀ ਚੈਕ ਕਰੋ ਕਿ ਕੀ ਤੁਸੀਂ ਕਿਰਾਏ ਅਤੇ ਹੋਰ ਖ਼ਰਚ ਦੇ ਪੈਸੇ ਦੇ ਦਿੱਤੇ ਹਨ। ਫਿਰ ਮਕਾਨ ਮਾਲਿਕ ਜਾਂ ਏਜੰਟ ਨਾਲ ਮਿਲ ਕੇ ਫ਼ੈਸਲਾ ਕਰੋ ਕਿ ਡਿਪਾਜ਼ਿਟ ਦੇ ਪੈਸਿਆਂ ਵਿਚੋਂ ਕਿੰਨੇ ਪੈਸੇ ਤੁਹਾਨੂੰ ਵਾਪਸ ਦਿੱਤੇ ਜਾਣੇ ਚਾਹੀਦੇ ਹਨ।

10 ਦਿਨਾਂ ਦੇ ਅੰਦਰ, ਤੁਹਾਨੂੰ ਮੰਨੀ ਹੋਈ ਰਕਮ ਮਿਲ ਜਾਏਗੀ।

### ਝਗੜੇ ਨਿਪਟਾਉਣਾ

ਜੇ ਤੁਹਾਡੇ ਜਾਣ ਵੇਲੇ, ਜੇ ਤੁਹਾਡਾ ਮਕਾਨ ਮਾਲਿਕ ਜਾਂ ਏਜੰਟ ਸਹਿਮਤ ਨਹੀਂ ਕਿ ਡਿਪਾਜ਼ਿਟ ਦੇ ਕਿੰਨੇ ਪੈਸੇ ਤੁਹਾਨੂੰ ਵਾਪਸ ਮਿਲਣ, ਤਾਂ ਤੁਹਾਡੇ ਡਿਪਾਜ਼ਿਟ ਦੀ ਹਿਫ਼ਾਜ਼ਤ ਕਰਨ ਵਾਲੀ ਸਕੀਮ ਇਸ ਝਗੜੇ ਨੂੰ ਨਿਪਟਾਉਣ ਦੀ ਸਹੂਲਤ ਮੁਫ਼ਤ ਦੇਵੇਗੀ। ਇਸ ਸਹੂਲਤ ਬਾਰੇ ਪਤਾ ਉਸ ਜਾਣਕਾਰੀ ਤੋਂ ਕਰੋ ਜੋ ਕਿਰਾਏਦਾਰੀ ਦੇ ਸ਼ੁਰੂ ਵਿਚ ਤੁਹਾਡੇ ਮਕਾਨ ਮਾਲਿਕ ਜਾਂ ਏਜੰਟ ਨੇ ਤੁਹਾਨੂੰ ਦਿੱਤੀ ਸੀ।

ਜੇ ਤੁਹਾਡਾ ਮਕਾਨ ਮਾਲਿਕ ਤੁਹਾਡੇ ਡਿਪਾਜ਼ਿਟ ਨੂੰ ਸੁੱਖਿਅਤ ਨਾ ਰੱਖੇ ਅਤੇ ਇਹਨੂੰ ਸੁਰੱਖਿਅਤ ਰੱਖਣ ਦੇ ਢੰਗ ਬਾਰੇ ਤੁਹਾਨੂੰ ਨਾ ਦੱਸੇ, ਉਹ ਕਿਰਾਏਦਾਰੀ ਖ਼ਤਮ ਹੋਣ 'ਤੇ ਘਰ ਵਾਪਸ ਲੈਣ ਲਈ ਨੋਟਿਸ ਨਹੀਂ ਦੇ ਸਕਦਾ।

## ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ?

**ਸਲਾਹ ਲੈਣ ਲਈ ਇਹ ਵੈੱਬਸਾਈਟ ਪੜ੍ਹੋ :**

Communities and Local Government

**www.direct.gov.uk/tenancydeposit**
ਲੀਫ਼ਲੈਟ ਲਾਈਨ ਨੂੰ ਇਸ ਨੰਬਰ 'ਤੇ ਫ਼ੋਨ ਕਰੋ:
**0845 609 0696**

ਜਾਂ ਇਹਨਾਂ ਸੰਸਥਾਵਾਂ ਨਾਲ ਰਾਬਤਾ ਕਰੋ:

### Shelter
**ਸ਼ੈਲਟਰ**
ਮੁਫ਼ਤ* ਰਿਹਾਇਸ਼ ਬਾਰੇ ਐਡਵਾਈਸਲਾਈਨ
0808 800 4444
(ਹਫ਼ਤੇ ਵਿਚ 7 ਦਿਨ ਸਵੇਰੇ 8 ਵਜੇ ਤੋਂ ਅੱਧੀ ਰਾਤ ਤਕ)
**www.shelter.org.uk/advice**
* ਕੁਝ ਮੋਬਾਈਲ ਫ਼ੋਨ ਨੰਬਰਾਂ ਤੋਂ ਇਸ ਨੰਬਰ 'ਤੇ ਫ਼ੋਨ ਕਰਨ ਦੇ ਪੈਸੇ ਲਗ ਸਕਦੇ ਹਨ

### Citizens Advice
**ਸਿਟੀਜ਼ਨਜ਼ ਐਡਵਾਈਸ**
ਫ਼ੋਨ ਬੁਕ ਵਿਚ ਲੱਭੋ, ਅਤੇ
**www.adviceguide.org.uk**

### National Union of Students
**ਨੈਸ਼ਨਲ ਯੂਨੀਅਨ ਆੱਵ ਸਟੂਡੈਂਟਸ**
**www.nusonline.co.uk/info/housing**
ਹੋਰ ਜਾਣਕਾਰੀ ਆਪਣੇ ਸਟੂਡੈਂਟ ਐਡਵਾਈਸ ਸੈਂਟਰ ਜਾਂ ਸਟੂਡੈਂਟਸ ਯੂਨੀਅਨ ਤੋਂ ਲਓ।

Published by the Department for Communities and Local Government.
©Crown copyright 2007.
Printed on paper comprising no less than 75% post-consumer waste.
Product Code: 06HMD04101/TPUN